# BUDHA DAL PUBLIC SCHOOL PATIALA
## First Term Examination (18 September 2023)

**Class - VI**
**Paper - Punjabi**
**Set - A**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5×1=5)

ਅਨੁਸ਼ਾਸਨ ਮਨੁੱਖੀ ਜੀਵਨ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਅਨੁਸ਼ਾਸਨ ਦਾ ਮਤਲਬ ਹੈ - ਨਿਯਮਾਂ ਤੇ ਕਾਨੂੰਨਾਂ ਦੀ ਪਾਲਣਾ ਕਰਨਾ। ਅਨੁਸ਼ਾਸਨ ਹਰ ਸੱਭਿਅਕ ਸਮਾਜ ਦੀ ਨੀਂਹ ਹੁੰਦਾ ਹੈ। ਇਹ ਮਨੁੱਖੀ ਸ਼ਖ਼ਸੀਅਤ ਨੂੰ ਬੁਲੰਦੀਆਂ ਦਾ ਤਾਜ ਪਹਿਨਾਉਂਦਾ ਹੈ। ਇਹ ਮਨੁੱਖੀ ਚਰਿੱਤਰ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਪਰ ਇਹ ਸਭ ਗੱਲਾਂ ਹੁਣ ਕਹਾਣੀ ਜਿਹੀਆਂ ਜਾਪਦੀਆਂ ਹਨ. ਕਿਉਂਕਿ ਅੱਜ ਦਾ ਵਿਦਿਆਰਥੀ ਜੋ ਕਿ ਦੇਸ਼ ਦਾ ਭਵਿੱਖ ਹੈ, ਉਸ ਲਈ ਇਹ ਸ਼ਬਦ ਕੋਈ ਖ਼ਾਸ ਮਤਲਬ ਨਹੀਂ ਰੱਖਦਾ। ਅਧਿਆਪਕ ਦੀ ਹਰ ਗੱਲ ਨੂੰ ਸਿਰ ਮੱਥੇ ਮੰਨਣਾ ਵਿਦਿਆਰਥੀ ਜਿੱਥੇ ਆਪਣਾ ਧਰਮ ਮੰਨਦੇ ਸਨ, ਹੁਣ ਉਹ ਵਿਦਿਆਰਥੀ ਅਧਿਆਪਕ ਨੂੰ ਧਮਕੀ ਦੇ ਕੇ ਆਪਣੇ ਆਪ ਨੂੰ ਪਾਸ ਕਰਵਾ ਲੈਂਦੇ ਹਨ, ਕਾਲਜਾਂ ਵਿੱਚ ਹੜਤਾਲਾਂ ਕਰਵਾ ਦਿੰਦੇ ਹਨ, ਜੇ ਫਿਰ ਵੀ ਗੱਲ ਨਾ ਬਣੇ ਤਾਂ ਸੰਸਥਾ ਦੇ ਸ਼ੀਸ਼ੇ ਤੋੜਨਾ, ਗੱਡੀਆਂ, ਬੱਸਾਂ ਨੂੰ ਅੱਗ ਲਾ ਦੇਣੀ ਇੱਕ ਆਮ ਜਿਹੀ ਗੱਲ ਬਣ ਗਈ ਹੈ।

ੳ) ਅਨੁਸ਼ਾਸਨ ਕਿਸ ਸਮਾਜ ਦੀ ਨੀਂਹ ਹੈ?
ਅ) ਮਨੁੱਖੀ ਚਰਿੱਤਰ ਦੀ ਰੀੜ੍ਹ ਦੀ ਹੱਡੀ ਕੀ ਹੈ?
ੲ) ਵਿਦਿਆਰਥੀ ਕਿਸ ਗੱਲ ਨੂੰ ਧਰਮ ਸਮਝਦੇ ਸਨ?
ਸ) ਵਿਦਿਆਰਥੀ ਪਾਸ ਹੋਣ ਲਈ ਕੀ ਢੰਗ ਅਪਨਾਉਂਦੇ ਹਨ?
ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਭਾਵ 40-50 ਸ਼ਬਦਾਂ ਵਿੱਚ ਲਿਖੋ।** (5×1=5)



A-1

Scanned by Scanner Go

## ਵਿਆਕਰਨ

3) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ: (4×1=4)

ੳ) ਉੱਲੂ ਬੋਲਣੇ

ਅ) ਅਸਮਾਨ ਸਿਰ 'ਤੇ ਚੁੱਕਣਾ

ੲ) ਇੱਕ ਅੱਖ ਨਾਲ ਵੇਖਣਾ

ਸ) ਅੱਖ ਚੁਰਾਉਣਾ

4) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (2×1=2)

ੳ) ਕਵਿਤਾ ਲਿਖਣ ਵਾਲਾ ਅ) ਜੋ ਪਰਮਾਤਮਾ ਨੂੰ ਮੰਨਦਾ ਹੋਵੇ

5) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2×1=2)

ਉਸਤਾਦ, ਔਰਤ

6) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2×1=2)

ਉਪ, ਹਮ

7) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2×1=2)

ਖਾਨਾ, ਮੰਦ

8) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (4×½=2)

ਵੇਹੜਾ, ਸਾਮਾਜ, ਸ਼ੈਹਰੀ, ਪਰਿੰਸੀਪਲ

9) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (4×½=2)

ਲੂੰਬੜ, ਘੁਮਿਆਰ, ਬਾਜ਼ੀਗਰ, ਸੰਤ

10) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (4×½=2)

ਝੰਡਾ, ਗਮਲਾ, ਪਹਾੜ, ਮਾਸੀ

11) ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ: (1×1=1)

ਜਲੰਧਰ ਪਟਿਆਲਾ ਤੇ ਲੁਧਿਆਣਾ ਪੰਜਾਬ ਦੇ ਵੱਡੇ ਸ਼ਹਿਰ ਹਨ

12) ਹੇਠ ਲਿਖੇ ਵਾਕ ਵਿੱਚੋਂ ਨਾਂਵ ਚੁਣ ਕੇ ਉਹਨਾਂ ਦੀ ਕਿਸਮ ਲਿਖੋ: (1×1=1)

ੳ) ਚਾਹ ਬਹੁਤ ਮਿੱਠੀ ਹੈ।

A-2

Scanned by Scanner Go

## ਪਾਠ ਪੁਸਤਕਾਂ ਤੇ ਅਧਾਰਤ

**13) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (6×1=6)

ੳ) ਰੁੱਖ ਕਿੰਨ੍ਹਾਂ ਤਾ ਭਾਰ ਮਹਿਸੂਸ ਨਹੀਂ ਕਰਦਾ?
ਅ) ਅਖ਼ਬਾਰਾਂ ਕੌਣ ਵੇਚਦਾ ਸੀ?
ੲ) ਮਾਤਾ-ਪਿਤਾ ਅਭਿਜੋਤ ਨੂੰ ਕਿੱਥੇ ਲੈ ਕੇ ਜਾਂਦੇ ਹਨ?
ਸ) ਹਰੀ ਸਿੰਘ ਨਲਵਾ ਦੀ ਮਾਤਾ ਦਾ ਨਾਮ ਕੀ ਸੀ?
ਹ) ਦੰਦ ਦੇ ਪਿੱਛਲੇ ਹਿੱਸੇ ਨੂੰ ਕੀ ਕਿਹਾ ਜਾਂਦਾ ਹੈ?
ਕ) ਸੁੱਖ- ਸਹੂਲਤਾਂ ਸਾਡੇ ਲਈ ਕੀ ਬਣ ਗਈਆਂ ਹਨ?
ਖ) ਕਿਹੜੀਆਂ ਰੁੱਤਾਂ ਸਮੇਂ ਸਿਰ ਨਹੀਂ ਆਉਂਦੀਆਂ?

**14) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਤਿੰਨ-ਚਾਰ ਸਤਰਾਂ (35-40 ਸ਼ਬਦਾਂ) ਵਿੱਚ ਦਿਓ: (ਕੋਈ ਅੱਠ)** (8×2=16)

ੳ) ਕੁਦਰਤ ਦੀ ਸਾਂਭ-ਸੰਭਾਲ ਕਰਨ ਨਾਲ ਕੀ ਹੋਵੇਗਾ?
ਅ) ਅਭਿਜੋਤ ਦੇ ਮੋਬਾਇਲ ਤੇ ਖੇਡੀ ਜਾਣ ਵਾਲੀ ਗੇਮ ਕਿਸ ਤਰ੍ਹਾਂ ਦੀ ਸੀ?
ੲ) ਰੁੱਖ ਕਿੰਨ੍ਹਾਂ ਨਾਲ ਦਿਲ ਦੇ ਭੇਤ ਖੋਲ੍ਹਦਾ ਹੈ?
ਸ) ਰੋਸ਼ਨ ਦੇ ਪਿਤਾ ਦੀ ਮੌਤ ਤੋਂ ਬਾਅਦ ਸਾਕ ਸੰਬੰਧੀਆਂ ਨੇ ਕੀ ਸਲਾਹ ਦਿੱਤੀ?
ਹ) ਹਰੀ ਸਿੰਘ ਨਲਵੇ ਵੱਲੋਂ ਸ਼ੇਰ ਨੂੰ ਮਾਰਨ ਦੀ ਘਟਨਾ ਸੰਖੇਪ 'ਚ ਬਿਆਨ ਕਰੋ।
ਕ) ਨੱਕ ਨੂੰ ਕਦੇ-ਕਦੇ ਖਿੱਝ ਕਿਉਂ ਚੜ੍ਹ ਜਾਂਦੀ ਹੈ?
ਖ) ਮਹਾਰਾਜਾ ਰਣਜੀਤ ਸਿੰਘ ਵੱਲੋਂ ਬਸੰਤ ਪੰਚਮੀ 'ਤੇ ਕੀ ਕੀਤਾ ਜਾਂਦਾ ਸੀ?
ਗ) ਮਾਲੀ ਰੁੱਖ ਦੀ ਜ਼ਿੰਦਗੀ ਵਿੱਚ ਕੀ ਭੂਮਿਕਾ ਨਿਭਾਉਂਦਾ ਹੈ?
ਘ) ਜੀਭ ਸਮਾਜ ਵਿੱਚ ਕਿਸ ਤਰ੍ਹਾਂ ਦਾ ਰੋਲ ਨਿਭਾ ਸਕਦੀ ਹੈ?

**15) ਖਾਲੀ ਥਾਵਾਂ ਭਰੋ:** (4×1=4)

ੳ) ਰੋਸ਼ਨ ਸਕੂਲ ਦੀ ਕਬੱਡੀ ਟੀਮ ਦਾ ................ ਸੀ।
ਅ) ਅਭਿਜੋਤ ਆਪਣੀ ਮਾਤਾ ਦਾ ................ ਲੈ ਕੇ ਕਮਰੇ ਵਿੱਚ ਵੜ ਜਾਂਦਾ।
ੲ) ਹਰੀ ਸਿੰਘ ਨਲਵੇ ਦੁਆਰਾ ਲੜੀ ਜਾਣ ਵਾਲੀ ਪਹਿਲੀ ਜੰਗ .............. ਦੀ ਸੀ।
ਸ) ਜੇ ਅੱਖਾਂ ਨਹੀਂ ਤਾਂ ...................... ਨਹੀਂ।

**16) ਹੇਠ ਲਿਖੇ ਵਾਕਾਂ ਵਿੱਚ ਸਹੀ ਵਾਕ ਅੱਗੇ ਸਹੀ (✓) ਅਤੇ ਗਲਤ ਵਾਕ ਅੱਗੇ ਗਲਤ ( X ) ਦਾ ਨਿਸ਼ਾਨ ਲਗਾਓ:** (4×½=2)

ੳ) ਰੋਸ਼ਨ ਹਰ ਜਮਾਤ ਵਿੱਚ ਅਵਲ ਰਹਿੰਦਾ ਸੀ।
ਅ) ਹਰੀ ਸਿੰਘ ਨਲਵੇ ਨੂੰ ਹਥਿਆਰਾਂ ਨਾਲ ਖੇਡਣ ਦਾ ਸ਼ੌਕ ਨਹੀਂ ਸੀ।
ੲ) ਮੋਬਾਇਲ, ਲੈਪਟਾਪ ਆਦਿ ਕਾਰਨ ਅੱਖਾਂ ਦਾ ਭਵਿੱਖ ਬਹੁਤ ਸ਼ਾਨਦਾਰ ਹੈ।
ਸ) ਫ਼ਸਲਾਂ ਮਿੱਟੀ ਵਿੱਚ ਵੱਧਦੀਆਂ-ਫੁੱਲਦੀਆਂ ਹਨ।



Scanned by Scanner Go

17) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ: (2×1=2)

ੳ) ਜੇ ਬੱਚਾ ਜ਼ਿਆਦਾ ਜ਼ਿੱਦ ਕਰੇ ਤਾਂ ਕੀ ਕਰੀਏ?

ਅ) ਸਾਡੀ ਮਜ਼ਬੂਤੀ ਦਾ ਬਿਲਕੁਲ ਖ਼ਿਆਲ ਨਹੀਂ ਰੱਖਿਆ ਜਾਂਦਾ।

18) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (ਕੋਈ ਪੰਜ) (5×1=5)

ਭੈਣ, ਮਾਲੀ, ਇੰਤਜ਼ਾਰ, ਚਿਹਰਾ, ਸਿਹਤ, ਸਵਰਗ

## ਲਿਖਣ-ਕੌਸ਼ਲ

19) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਸ੍ਰੀ ਗੁਰੂ ਨਾਨਕ ਦੇਵ ਜੀ**

ਨੁਕਤੇ -

ਜਾਣ-ਪਛਾਣ, ਜਨਮ ਤੇ ਬਚਪਨ, ਪਾਂਧੇ ਪਾਸ ਪੜ੍ਹਨ ਲਈ ਜਾਣਾ, ਮੱਝਾਂ ਚਾਰਨੀਆਂ, ਸੱਚਾ-ਸੌਦਾ, ਸੁਲਤਾਨਪੁਰ ਲੋਧੀ ਜਾਣਾ, ਵੇਈ ਨਦੀ ਵਿੱਚ ਡੁਬਕੀ ਮਾਰਨੀ, ਉਦਾਸੀਆਂ (ਯਾਤਰਾਵਾਂ) ਕਰਨਾ, ਸਿੱਖਿਆਵਾਂ, ਜੋਤੀ-ਜੋਤ ਸਮਾਉਣਾ।

**ਜਾਂ**

**ਵਿਸਾਖੀ ਦਾ ਮੇਲਾ**

ਨੁਕਤੇ -

ਜਾਣ-ਪਛਾਣ, ਤਿਉਹਾਰਾਂ ਦਾ ਦੇਸ਼, ਮੌਸਮੀ ਤਿਉਹਾਰ, ਖ਼ਾਲਸਾ ਪੰਥ ਦੀ ਸਥਾਪਨਾ, ਵਿਸਾਖੀ ਦਾ ਮੇਲਾ, ਸਾਰ ਅੰਸ਼।

20) ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜ਼ਰੂਰੀ ਕੰਮ ਲਈ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ। (7)

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।



Scanned by Scanner Go

# BUDHA DAL PUBLIC SCHOOL PATIALA

## First Term Examination (18 September 2023)

**Class - VI**
**Paper - Punjabi**
**Set - B**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

### ਪੜ੍ਹਨ-ਕੌਸ਼ਲ

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5×1=5)

ਗੁਰੂ ਅਰਜਨ ਦੇਵ ਜੀ ਸਿੱਖ ਪੰਥ ਦੇ ਮਹਾਨ ਉਸਰਈਏ ਸਨ, ਜਿਹਨਾਂ ਨੇ ਆਪਣੇ ਅਣਥੱਕ ਯਤਨਾ ਦੁਆਰਾ ਸਿੱਖਾਂ ਦੇ ਮਹਾਨ ਧਾਰਮਕ ਗ੍ਰੰਥ ਦੀ ਸੰਪਾਦਨਾ ਕੀਤੀ। ਆਪ ਨੇ ਸਿੱਖਾਂ ਵਿੱਚ ਦਸਵੰਧ ਕੱਢਣ ਦੀ ਪ੍ਰਥਾ ਚਲਾਈ। ਇਹ ਰਕਮ ਮਸੰਦਾਂ ਰਾਹੀਂ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਪਹੁੰਚਾਈ ਜਾਂਦੀ ਸੀ ਜਿਸ ਨਾਲ ਆਪ ਭਵਨ ਉਸਾਰੀ ਆਦਿ ਦੇ ਕੰਮ ਕਰਿਆ ਕਰਦੇ ਹਨ। ਆਪ ਨੇ 1599 ਈ: ਨੂੰ ਅੰਮ੍ਰਿਤਸਰ ਵਿੱਚ ਅੰਮ੍ਰਿਤ-ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਨੂੰ ਬਣਵਾਇਆ। ਆਪ ਨੇ ਸਿੱਖੀ ਪ੍ਰਚਾਰ ਕਰਦਿਆਂ ਤਰਨਤਾਰਨ, ਕਰਤਾਰਪੁਰ ਤੇ ਸ੍ਰੀ ਹਰਗੋਬਿੰਦਪੁਰ ਆਦਿ ਨਗਰ ਵਸਾਏ । ਆਪ ਨੇ ਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੇ ਧਰਮ 'ਤੇ ਚਲਦਿਆਂ ਹੋਇਆ ਨਾ ਕੇਵਲ ਆਪਣਾ ਉਦੇਸ਼ 'ਚਹੁੰ ਵਰਨਾਂ ਕਉ ਸਾਂਝਾ' ਦਿੱਤਾ, ਸਗੋਂ ਸਿੱਖਾਂ ਦੇ ਮਹਾਨ ਮੰਦਰ, ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇੱਕ ਮੁਸਲਮਾਨ ਫ਼ਕੀਰ ਮੀਆਂ ਮੀਰ ਪਾਸੋਂ ਰਖਵਾਈ। ਆਪ ਨੇ ਇੱਕ ਕੁਸ਼ਟ-ਆਸ਼ਰਮ ਖੋਲ੍ਹਿਆ।

ੳ) ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਸਨੇ ਕੀਤੀ?
ਅ) ਗੁਰੂ ਜੀ ਨੇ ਕਿਹੜੀ ਪ੍ਰਥਾ ਚਲਾਈ?
ੲ) ਹਰਿਮੰਦਰ ਸਾਹਿਬ ਕਿੱਥੇ ਬਣਵਾਇਆ?
ਸ) ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸਨੇ ਰੱਖੀ?
ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

2) ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਭਾਵ 40–50 ਸ਼ਬਦਾਂ ਵਿੱਚ ਲਿਖੋ। (5×1=5)



B-1

Scanned by Scanner Go

## ਵਿਆਕਰਨ

3) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ: (4×1=4)

ੳ) ਉੱਲੂ ਬਣਾਉਣਾ

ਅ) ਅੱਖਾਂ ਮੀਟ ਜਾਣਾ

ੲ) ਇੱਕ ਕੁੱਤੇ ਦਾ ਵੈਰ

ਸ) ਅੰਗ ਪਾਲਣਾ

4) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (2×1=2)

ੳ) ਮਾਸ ਖਾਣ ਵਾਲਾ ਅ) ਜਿਹੜੇ ਜਾਨਵਰ ਘਰ ਰੱਖੇ ਜਾਂਦੇ ਹਨ

5) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2×1=2)

ਅਕਲ, ਉਜਾਲਾ

6) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2×1=2)

ਸਬ, ਖ਼ੁਸ਼

7) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2×1=2)

ਹਾਰ, ਊ

8) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (4×½=2)

ਵੇਹਲਾ, ਅੰਮਿਰਤਸਰ, ਤਾਲਾਬ, ਦੁਪੈਹਰ

9) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (4×½=2)

ਗੁੱਜਰ, ਸੁਨਿਆਰ, ਸੇਵਾਦਾਰ, ਲੇਖਕ

10) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (4×½=2)

ਗੰਨਾ, ਨਲਕਾ, ਘੋੜੀ, ਕੌਲੀ

11) ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ: (1×1=1)

ਸ਼ਾਬਾਸ਼ ਬੱਚਿਓ ਹੋਰ ਮਿਹਨਤ ਨਾਲ ਪੜ੍ਹਾਈ ਕਰੋ

12) ਹੇਠ ਲਿਖੇ ਵਾਕ ਵਿੱਚੋਂ ਨਾਂਵ ਚੁਣ ਕੇ ਉਹਨਾਂ ਦੀ ਕਿਸਮ ਲਿਖੋ: (1×1=1)

ੳ) ਸੰਗਤ ਬੈਠੀ ਹੋਈ ਸੀ।

B-2

Scanned by Scanner Go

## ਪਾਠ ਪੁਸਤਕਾਂ ਤੇ ਅਧਾਰਤ

(6×1=6)

13) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):**

ੳ) ਰੁੱਖ ਪੰਛੀਆਂ ਨੂੰ ਕੀ ਵੰਡਦਾ ਹੈ?
ਅ) ਰੋਸ਼ਨ ਦੇ ਪਿਤਾ ਦੀ ਮੌਤ ਦਾ ਕੀ ਕਾਰਨ ਸੀ?
ੲ) ਕਮਰੇ ਵਿੱਚ ਕੌਣ ਤੜਿਆ ਰਹਿੰਦਾ ਸੀ?
ਸ) ਮਹਾਰਾਜਾ ਰਣਜੀਤ ਸਿੰਘ ਵੱਲੋਂ ਬਸੰਤ ਪੰਚਮੀ ਮੌਕੇ ਕਿੰਨੇ ਦਿਨ ਦਾ ਮੇਲਾ ਲਗਾਇਆ ਜਾਂਦਾ ਸੀ?
ਹ) ਹਰੀ ਸਿੰਘ ਨਲਵਾ ਦੇ ਪਿਤਾ ਦਾ ਨਾਮ ਕੀ ਸੀ?
ਕ) ਖੁਸ਼ੀ-ਗ਼ਮੀ ਵਿੱਚ ਅੱਖਾਂ ਵਿੱਚ ਕੀ ਆ ਜਾਂਦਾ ਹੈ?
ਖ) ਮੁਖੜੇ 'ਤੇ ਜਲਾਲ ਕਿਵੇਂ ਆਉਂਦਾ ਹੈ?

14) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਤਿੰਨ-ਚਾਰ ਸਤਰਾਂ (35-40 ਸ਼ਬਦਾਂ) ਵਿੱਚ ਦਿਓ: (ਕੋਈ ਅੱਠ)** (8×2=16)

ੳ) ਡਾਕਟਰ ਸਾਹਿਬ ਨੇ ਮੋਬਾਇਲ ਦੀ ਸਕਰੀਨ ਦੇਖਦਿਆਂ ਕੀ ਕਿਹਾ?
ਅ) ਰੋਸ਼ਨ ਸਵੇਰ ਤੋਂ ਸ਼ਾਮ ਤੱਕ ਕੀ ਕਰਦਾ ਰਹਿੰਦਾ ਸੀ?
ੲ) ਰੁੱਖ ਦਾ ਪੰਛੀਆਂ ਨਾਲ ਕਿਸ ਤਰ੍ਹਾਂ ਦਾ ਰਿਸ਼ਤਾ ਹੈ?
ਸ) ਮਹਾਰਾਜਾ ਰਣਜੀਤ ਸਿੰਘ ਹਰੀ ਸਿੰਘ ਨਲਵੇ ਨੂੰ ਸਦਾ ਆਪਣੇ ਸਾਥ ਕਿਉਂ ਰੱਖਦੇ ਸਨ?
ਹ) ਹਰੀ ਸਿੰਘ ਨਲਵਾ ਨੂੰ ਬਚਪਨ ਵਿੱਚ ਕਿਸ ਤਰ੍ਹਾਂ ਦੇ ਸ਼ੌਕ ਸਨ?
ਕ) ਸਮੇਂ ਦੇ ਨਾਲ ਦੁਨੀਆ ਕਿਵੇਂ ਬਦਲ ਗਈ?
ਖ) ਅਜੋਕੇ ਦੌਰ (ਅੱਜ ਕੱਲ੍ਹ ਦਾ ਸਮਾਂ) ਵਿੱਚ ਅੱਖਾਂ ਨੂੰ ਮੁੱਖ ਸਮੱਸਿਆ ਕੀ ਆ ਰਹੀ ਹੈ?
ਗ) ਮੋਬਾਇਲ ਛੱਡਣ ਤੋਂ ਬਾਅਦ ਕੀ ਹੁੰਦਾ ਹੈ?
ਘ) ਦੰਦਾਂ ਨੇ ਆਪਣੇ ਬਾਰੇ ਕੀ ਦੱਸਿਆ?

(4×1=4)

15) **ਖਾਲੀ ਥਾਵਾਂ ਭਰੋ:**

ੳ) ਜੀਭ ਹਮੇਸ਼ਾਂ ................ ਰਹਿੰਦੀ ਹੈ।
ਅ) ਹਰੀ ਸਿੰਘ ਨਲਵਾ ਦਾ ਜਨਮ ............. ਵਿਖੇ ਹੋਇਆ।
ੲ) ਅਭਿਜੋਤ ਵਿੱਚ ਆਏ ਬਦਲਾਅ ਕਾਰਨ ................ ਪਰੇਸ਼ਾਨ ਸਨ।
ਸ) ਰੋਸ਼ਨ ................. ਜਮਾਤ ਵਿੱਚ ਪੜ੍ਹਦਾ ਸੀ?

16) **ਹੇਠ ਲਿਖੇ ਵਾਕਾਂ ਵਿੱਚ ਸਹੀ ਵਾਕ ਅੱਗੇ ਸਹੀ (✓) ਅਤੇ ਗਲਤ ਵਾਕ ਅੱਗੇ ਗਲਤ (✗) ਦਾ ਨਿਸ਼ਾਨ ਲਗਾਓ:** (4×½=2)

ੳ) ਜੀਭ ਨੂੰ ਮੂੰਹ ਵਿੱਚ ਬਹੁਤ ਭੱਜ-ਨੱਠ ਰਹਿੰਦੀ ਹੈ।
ਅ) ਹਰੀ ਸਿੰਘ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸੀ।
ੲ) ਅਭਿਜੋਤ ਨੇ ਮੋਬਾਇਲ ਵਿੱਚ 'ਫਰੀ ਫਾਇਅਰ' ਗੇਮ ਡਾਊਨਲੋਡ ਕੀਤੀ ਸੀ?
ਸ) ਰੋਸ਼ਨ ਮਾਂ ਦੀਆਂ ਗੱਲਾਂ ਸੁਣ ਕੇ ਸੋਚੀ ਪੈ ਗਿਆ।



Scanned by Scanner Go

17) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ: (2×1=2)

ੳ) "ਜੀ ਅਸਲ ਵਿੱਚ ਸ਼ੁਰੂ ਵਿੱਚ ਮੇਰਾ ਕੰਮ ਬੋਲਣਾ ਨਹੀਂ ਸੀ।"

ਅ) "ਦੇਖੋ ! ਚਿੰਤਾ ਕਰਨ ਦੀ ਲੋੜ ਨਹੀਂ, ਆਪਾਂ ਸਾਰੇ ਰਲ ਕੇ ਇਸ ਸਮੱਸਿਆ ਦਾ ਹੱਲ ਕਰਦੇ ਹਾਂ।"

18) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ: (ਕੋਈ ਪੰਜ) (5×1=5)

ਦੋਸਤ, ਰੁੱਖ, ਆਦਤ, ਨਿਪੁੰਨ, ਆਦੇਸ਼, ਨਿਸ਼ਾਨੇਬਾਜ਼

## ਲਿਖਣ-ਕੌਸ਼ਲ

19) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਤਾਜ ਮਹੱਲ**

ਨੁਕਤੇ -

ਤਾਜ ਇੱਕ ਖ਼ੂਬਸੂਰਤ ਇਮਾਰਤ, ਮੁਮਤਾਜ ਦੀ ਯਾਦ ਵਿੱਚ ਤਾਜ ਮਹੱਲ, ਇਮਾਰਤ ਦਾ ਘੇਰਾ, ਕਾਰੀਗਰੀ, ਪੂਰਨਮਾਸ਼ੀ ਦੀ ਰਾਤ ਸਮੇਂ ਤਾਜ ਦਾ ਦ੍ਰਿਸ਼, ਸਾਰੰਸ਼।

**ਜਾਂ**

**ਸ੍ਰੀ ਗੁਰੂ ਨਾਨਕ ਦੇਵ ਜੀ**

ਨੁਕਤੇ -

ਜਾਣ-ਪਛਾਣ, ਜਨਮ ਅਤੇ ਮਾਤਾ-ਪਿਤਾ, ਪਾਂਧੇ ਪਾਸ ਪੜ੍ਹਨ ਲਈ ਜਾਣਾ, ਮੱਝਾਂ ਚਾਰਨੀਆਂ, ਸੱਚਾ-ਸੌਦਾ, ਸੁਲਤਾਨਪੁਰ ਲੋਧੀ ਜਾਣਾ, ਵੇਈ ਨਦੀ ਵਿੱਚ ਡੁੱਬਕੀ ਮਾਰਨੀ, ਉਦਾਸੀਆਂ (ਯਾਤਰਾਵਾਂ) ਕਰਨਾ, ਸਿੱਖਿਆਵਾਂ, ਜੋਤੀ-ਜੋਤ ਸਮਾਉਣਾ।

20) ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ। (7)

**ਜਾਂ**

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਜ਼ਰੂਰੀ ਕੰਮ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।

B-4

Scanned by Scanner Go